# ਇਹ ਤੁਹਾਡਾ 2026 ਦਾ ਪ੍ਰਾਪਰਟੀ ਅਸੈਸਮੈਂਟ ਨੋਟਿਸ ਹੈ

## ਆਪਣੀ 2026 ਅਸੈਸਮੈਂਟ ਰੀਵਿਊ ਕਰੋ

ਇਸ ਨੋਟਿਸ ਦੇ ਸਾਹਮਣੇ ਪਾਸੇ ਦਿੱਤੀ ਆਪਣੀ 2026 ਪ੍ਰਾਪਰਟੀ ਅਸੈਸਮੈਂਟ ਨੂੰ ਧਿਆਨ ਨਾਲ ਰੀਵਿਊ ਕਰਨ ਲਈ ਕੁਝ ਸਮਾਂ ਕੱਢੋ। ਇਹ 1 ਜੁਲਾਈ, 2025 ਨੂੰ ਤੁਹਾਡੀ ਪ੍ਰਾਪਰਟੀ ਦੇ ਬਾਜ਼ਾਰ ਮੁੱਲ ਅਤੇ 31 ਦਸੰਬਰ, 2025 ਨੂੰ ਤੁਹਾਡੀ ਪ੍ਰਾਪਰਟੀ ਦੀਆਂ ਵਿਸ਼ੇਸ਼ਤਾਵਾਂ ਅਤੇ ਭੌਤਿਕ ਸਥਿਤੀ ਨੂੰ ਦਰਸਾਉਂਦੀ ਹੈ। ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਦੀ ਵਰਤੋਂ ਤੁਹਾਡੇ ਸਾਲਾਨਾ ਪ੍ਰਾਪਰਟੀ ਟੈਕਸ ਬਿੱਲ, ਜੋ ਕਿ ਮਈ 2026 ਨੂੰ ਭੇਜਿਆ ਜਾਵੇਗਾ, ਦੀ ਗਣਨਾ ਕਰਨ ਲਈ ਕੀਤੀ ਜਾਂਦੀ ਹੈ।

## ਜਾਣੋ ਕਿ ਤੁਹਾਡੀ ਪ੍ਰਾਪਰਟੀ ਦੀ ਅਸੈਸਮੈਂਟ ਕਿਵੇਂ ਕੀਤੀ ਜਾਂਦੀ ਹੈ

ਤੁਹਾਡੀ ਪ੍ਰਾਪਰਟੀ ਦਾ ਮੁੱਲ ਕੈਲਗਰੀ ਦੇ ਅੰਦਰ ਵੇਚੀਆਂ ਗਈਆਂ ਸਮਾਨ ਵਿਸ਼ੇਸ਼ਤਾਵਾਂ ਵਾਲੀਆਂ ਪ੍ਰਾਪਰਟੀਆਂ ਦੀਆਂ ਸੇਲਾਂ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ। ਸਾਡੇ ਮੁਲਾਂਕਣਕਰਤਾ ਤੁਹਾਡੀ ਪ੍ਰਾਪਰਟੀ ਦੀਆਂ ਵਿਲੱਖਣ ਵਿਸ਼ੇਸ਼ਤਾਵਾਂ 'ਤੇ ਵੀ ਵਿਚਾਰ ਕਰਦੇ ਹਨ ਜਿਸ ਵਿੱਚ ਸ਼ਾਮਲ ਹਨ:

- ਸਥਾਨ
- ਕੁਆਲਟੀ
- ਇਮਾਰਤ ਦਾ ਸਾਈਜ਼
- ਉਮਰ
- ਲੌਟ ਦਾ ਸਾਈਜ਼
- ਰੈਨੋਵੇਸ਼ਨਾਂ
- ਪ੍ਰਭਾਵ (ਦ੍ਰਿਸ਼, ਟ੍ਰੈਫਿਕ, ਗ੍ਰੀਨ ਸਪੇਸ, ਆਦਿ)

**ਮਾਏ ਟੈਕਸ** ਪ੍ਰਾਪਰਟੀ ਮਾਲਕਾਂ ਨੂੰ ਉਨ੍ਹਾਂ ਦੀ ਅਸੈਸਮੈਂਟ ਅਤੇ ਪ੍ਰਾਪਰਟੀ ਦੇ ਬਾਰੇ ਵਧੇਰੇ ਬਿਓਰੇਵਾਰ ਜਾਣਕਾਰੀ ਤੱਕ ਔਨਲਾਈਨ ਪਹੁੰਚ ਪ੍ਰਦਾਨ ਕਰਦਾ ਹੈ। **calgary.ca/mytax** 'ਤੇ ਆਪਣੇ ਸੁਰੱਖਿਅਤ ਅਕਾਉਂਟ ਵਿੱਚ ਲੌਗਇਨ ਕਰੋ:

- ਆਪਣੀ ਪ੍ਰਾਪਰਟੀ ਦੇ ਵੇਰਵਿਆਂ ਦੀ ਸਮੀਖਿਆ ਕਰਨ ਅਤੇ ਉਨ੍ਹਾਂ ਨੂੰ ਅੱਪਡੇਟ ਕਰਨ ਲਈ।
- ਨਿਰਪੱਖਤਾ ਅਤੇ ਇਕੁਇਟੀ ਨੂੰ ਯਕੀਨੀ ਬਣਾਉਣ ਲਈ ਤੁਲਨਾਤਮਕ ਪ੍ਰਾਪਰਟੀਆਂ ਦੀ ਅਸੈਸਮੈਂਟ ਦੇਖਣ ਲਈ।
- ਆਪਣੇ ਹਾਲੀਆ ਪ੍ਰਾਪਰਟੀ ਟੈਕਸ ਬਿੱਲਾਂ ਅਤੇ ਅਸੈਸਮੈਂਟ ਨੋਟਿਸਾਂ ਤੱਕ ਜਲਦੀ ਪਹੁੰਚਣ ਲਈ।
- ਸਮਾਨ ਪ੍ਰਾਪਰਟੀਆਂ ਦੀਆਂ ਸੇਲਾਂ ਲਈ ਸਰਚ ਕਰਨ ਲਈ।
- ਇਹ ਦੇਖਣ ਲਈ ਕਿ ਤੁਹਾਡੀ ਅਸੈਸਮੈਂਟ ਕਿਵੇਂ ਤਿਆਰ ਕੀਤੀ ਗਈ ਸੀ, ਜਿਸ ਵਿੱਚ *ਮਿਉਂਸੀਪਲ ਗਵਰਨਮੈਂਟ ਐਕਟ* ਦੇ ਸੈਕਸ਼ਨਾਂ 299/299.1 ਅਤੇ 300/300.1 ਦੇ ਅਨੁਸਾਰ ਹੋਰ ਪ੍ਰਾਪਰਟੀ ਅਸੈਸਮੈਂਟਾਂ ਦੇ ਸਾਰ ਸ਼ਾਮਲ ਹਨ।

## ਰਿਹਾਇਸ਼ੀ ਟੈਕਸ ਡਾਲਰ ਕਿੱਥੇ ਜਾਂਦੇ ਹਨ?




**37%** ਅਲਬਰਟਾ ਸਰਕਾਰ ਨੂੰ ਜਾਂਦਾ ਹੈ

**63%** ਸਿਟੀ ਔਫ ਕੈਲਗਰੀ ਸੇਵਾਵਾਂ ਨੂੰ ਫੰਡ ਕਰਦਾ ਹੈ

** ਲਗਭਗ, 2025 ਦੀਆਂ ਟੈਕਸ ਵੰਡਾਂ ਦੇ ਆਧਾਰ 'ਤੇ*

## ਤੁਹਾਡੀ 2026 ਪ੍ਰਾਪਰਟੀ ਅਸੈਸਮੈਂਟ ਬਾਰੇ ਸਵਾਲ ਹਨ

**ਫੋਨ:** 311
ਕੈਲਗਰੀ ਤੋਂ ਬਾਹਰ ਕਾਲ ਕਰੋ: 403-268-CITY (2489)

**ਔਨਲਾਈਨ:** calgary.ca/assessment

**ਸੁਣਨ ਵਿੱਚ ਅਯੋਗ:**
311 ਲਈ ਬੇਨਤੀ ਕਰਨ ਵਾਸਤੇ 711 ਨਾਲ ਸੰਪਰਕ ਕਰੋ

**ਮੇਰੇ ਸਕੂਲ ਸਮਰਥਨ ਦਾ ਐਲਾਨ ਕਰੋ:**
**calgary.ca/schoolsupport** 'ਤੇ ਜਾਂ 311 'ਤੇ ਕਾਲ ਕਰੋ

**ਅਲਬਰਟਾ ਲੈਂਡ ਟਾਈਟਲਜ਼ ਨਾਲ ਆਪਣਾ ਮੇਲਿੰਗ ਪਤਾ ਬਦਲੋ:**
780-427-2742 'ਤੇ ਕਾਲ ਕਰੋ
ਅਲਬਰਟਾ ਵਿੱਚ ਟੋਲ-ਫ੍ਰੀ ਪਹਿਲਾਂ 310-0000 ਡਾਇਲ ਕਰੋ
**alberta.ca/land-titles** 'ਤੇ ਜਾਓ

### ਅਨੁਵਾਦ ਕੀਤੀ ਗਈ ਸਮੱਗਰੀ ਉਪਲਬਧ ਹੈ

پښتو | 简体中文 | ਪੰਜਾਬੀ | Español | العربية

### ਪ੍ਰਾਪਰਟੀ ਟੈਕਸ ਦੇ ਆਪਣੇ ਹਿੱਸੇ ਦਾ ਪਤਾ ਲਗਾਉਣਾ

ਹਰ ਸਾਲ, ਸਿਟੀ ਅਤੇ ਸੂਬਾ ਵੱਖਰੇ ਤੌਰ 'ਤੇ ਇੱਕ ਬਜਟ ਬਣਾਉਂਦੇ ਹਨ ਅਤੇ ਫੈਸਲਾ ਕਰਦੇ ਹਨ ਕਿ ਉਹਨਾਂ ਨੂੰ ਪ੍ਰਾਪਰਟੀ ਟੈਕਸ ਤੋਂ ਕਿੰਨੇ ਪੈਸੇ ਦੀ ਲੋੜ ਹੈ। ਪ੍ਰਾਪਰਟੀ ਟੈਕਸ ਦਾ ਤੁਹਾਡਾ ਹਿੱਸਾ ਤੁਹਾਡੀ ਅਸੈਸਮੈਂਟ ਕਲਾਸ ਅਤੇ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਕੀਤੇ ਮੁੱਲ 'ਤੇ ਅਧਾਰਤ ਹੁੰਦਾ ਹੈ।

**ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਕੀਤਾ ਗਿਆ ਮੁੱਲ ਵੱਧ ਜਾਂ ਘੱਟ ਸਕਦਾ ਹੈ। ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਡਾ ਟੈਕਸ ਬਿੱਲ ਵੀ ਇਸੇ ਤਰ੍ਹਾਂ ਬਦਲੇਗਾ।**

ਇਸ ਨੋਟਿਸ ਦੇ ਸਾਹਮਣੇ ਪਾਸੇ ਦਿਖਾਏ ਗਏ ਆਮ ਬਦਲਾਅ ਨਾਲ ਆਪਣੇ ਮੁੱਲ ਵਿੱਚ ਬਦਲਾਅ ਦੀ ਤੁਲਨਾ ਕਰੋ। ਜੇਕਰ ਇਹ:

- ਆਮ ਨਾਲੋਂ ਘੱਟ ਹੈ, ਤਾਂ ਟੈਕਸ ਦਾ ਤੁਹਾਡਾ ਹਿੱਸਾ ਘੱਟ ਜਾਂਦਾ ਹੈ।
- ਆਮ ਵਾਂਗ ਹੀ ਹੈ, ਤਾਂ ਟੈਕਸ ਦਾ ਤੁਹਾਡਾ ਹਿੱਸਾ ਉਹੀ ਰਹਿੰਦਾ ਹੈ।
- ਆਮ ਨਾਲੋਂ ਵੱਧ ਹੈ, ਤਾਂ ਟੈਕਸ ਵਿੱਚ ਤੁਹਾਡਾ ਹਿੱਸਾ ਵਧ ਜਾਂਦਾ ਹੈ।

**ਭਾਵੇਂ ਇਕੱਠੇ ਕੀਤੇ ਕੁੱਲ ਟੈਕਸ ਵਿੱਚੋਂ ਤੁਹਾਡਾ ਹਿੱਸਾ ਉਹੀ ਰਹਿੰਦਾ ਹੈ, ਫਿਰ ਵੀ ਤੁਹਾਡਾ ਟੈਕਸ ਬਿੱਲ ਵੱਧ ਜਾਂ ਘੱਟ ਸਕਦਾ ਹੈ ਜੇਕਰ:**

- ਸਿਟੀ ਜਾਂ ਸੂਬਾ ਪ੍ਰਾਪਰਟੀ ਟੈਕਸ ਤੋਂ ਉਨ੍ਹਾਂ ਨੂੰ ਲੋੜੀਂਦੀ ਕੁੱਲ ਰਕਮ ਬਦਲਦੀ ਹੈ।
- ਰਿਹਾਇਸ਼ੀ ਅਤੇ ਗੈਰ-ਰਿਹਾਇਸ਼ੀ ਪ੍ਰਾਪਰਟੀਆਂ ਵਿਚਕਾਰ ਟੈਕਸ ਦੇ ਹਿੱਸੇ ਵਿੱਚ ਤਬਦੀਲੀ ਹੁੰਦੀ ਹੈ।

**calgary.ca/taxcalculator** 'ਤੇ ਆਪਣੇ ਪ੍ਰਾਪਰਟੀ ਟੈਕਸ ਬਿੱਲ ਦਾ ਅੰਦਾਜ਼ਾ ਪ੍ਰਾਪਤ ਕਰੋ।

**ਅਸੈਸਮੈਂਟ ਰੀਵਿਊ ਬੋਰਡ (ARB)**
ਜੇਕਰ ਤੁਸੀਂ ਸਿਟੀ ਨਾਲ ਆਪਣੀ ਸਮੱਸਿਆ ਦਾ ਹੱਲ ਨਹੀਂ ਕਰ ਸਕਦੇ, ਤਾਂ ਤੁਸੀਂ ਸੁਤੰਤਰ ARB ਕੋਲ ਰਸਮੀ ਸ਼ਿਕਾਇਤ ਦਰਜ ਕਰ ਸਕਦੇ ਹੋ। ਤੁਹਾਡੀ ਸ਼ਿਕਾਇਤ ਦੀ ਆਖਰੀ ਮਿਤੀ ਅਤੇ ਫੀਸ ਇਸ ਨੋਟਿਸ ਦੇ ਸਾਹਮਣੇ ਪਾਸੇ ਦਿੱਤੇ ਗਏ ਹਨ। ਸ਼ਿਕਾਇਤ ਦੇ ਵੇਰਵਿਆਂ ਅਤੇ ਜ਼ਰੂਰਤਾਂ ਲਈ, **calgaryarb.ca** 'ਤੇ ਜਾਓ।

ਬਜਟ ਬਣਾਉਣਾ ਆਸਾਨ ਬਣਾਓ, ਆਪਣੇ ਪ੍ਰਾਪਰਟੀ ਟੈਕਸ ਦਾ ਮਹੀਨਾਵਾਰ ਭੁਗਤਾਨ ਕਰੋ। **calgary.ca/tipp** 'ਤੇ ਸਾਇਨ ਅਪ ਕਰੋ।

25-0050724 | CRV-41284

## calgary.ca/assessment 'ਤੇ ਹੋਰ ਜਾਣੋ